(II) ਪੰਜਾਬੀ ਟ੍ਰਿਬਿਊਨ, ਸ਼ਨਿਚਰਵਾਰ, 6 ਨਵੰਬਰ, 1999 ਵੰਨ

# ਨਾਟਕ 'ਲਾਲ ਬੱਤੀ': ਸਬੰਧਿਤ ਸਭਨਾਂ ਨੂੰ ਸਲਾਮ ਕਰਨਾ ਬਣਦਾ ਹੈ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

28 ਤੋਂ 30 ਅਕਤੂਬਰ 1999 ਅੰਧਰੇਟਾ ਪਾਲਮਪੁਰ) ਵਿਖੇ ਨੋਰਾ ਰਿਚਰਡ ਦੇ ਜਨਮ ਦਨ ਸਮੇਂ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ, ਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬਹੁ-ਕਲਟੀ ਮਿਲੇਨੀਅਮ ਗੋਸ਼ਟੀ ਅਤੇ ਭਾਸ਼ਨ ੜੀ (1999-2001) ਦੇ ਅੰਤਰਗਤ ਤਿੰਨ-ਜ਼ਾ ਥੀਏਟਰ ਸੈਮੀਨਾਰ ਹੋਇਆ। ਵਿਸ਼ਾ ਸੀ, ਥੀਏਟਰ : 21ਵੀਂ ਸਦੀ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ।' ਉਥੇ ਇਕ ਪੇਪਰ ਵਿਚ ਮੇਰੇ ਲੋਂ ਇਹ ਵਿਚਾਰ ਪੇਸ਼ ਕੀਤਾ ਗਿਆ ਸੀ ਕਿ ੱਕੀਵੀਂ ਸਦੀ ਵਿਚ ਪੰਜਾਬੀ ਨਾਟਕ ਲਈ ਵੀ ਹੀ ਚੁਣੌਤੀਆਂ ਹਨ, ਜੋ ਸਮੁੱਚੇ ਪੰਜਾਬੀ ਸਮਾਜ ਈ ਹਨ। ਇਹ ਚੁਣੌਤੀਆਂ ਨਿਆਂਸ਼ੀਲ ਸਮਾਜ ਣਾਉਣ ਦੀਆਂ ਹਨ ਅਤੇ ਨਾਟਕ ਲਈ ਵਿਸ਼ੇਸ਼ ਰਕੇ ਇਹ ਚੁਣੌਤੀ ਹੈ ਕਿ ਉਸ ਨੇ ਨਿਆਂਸ਼ੀਲ ਮਾਜ ਲਈ ਲੋਕਾਂ ਨੂੰ ਚੇਤਨ ਕਰਨ ਲਈ ਕੀ ਮਿਕਾ ਨਿਭਾਉਣੀ ਹੈ।

ਆਉਣ ਵਾਲੀ ਸਦੀ ਲਈ ਮਨੁੱਖ ਦੀ ਸੋਚ ਰਾਬਰੀ ਦਾ ਸਮਾਜ ਬਣਾਉਣ ਦੀ ਸੋਚ ਹੈ। ਤਨ ਲੋਕਾਂ ਨੇ ਇਸ ਸਮਾਜ ਨੂੰ ਚੰਗਾ ਬਣਾਉਣ ਈ ਸੰਘਰਸ਼ ਕਰਨਾ ਹੀ ਹੈ। ਇਨ੍ਹਾਂ ਸੰਘਰਸ਼ਾਂ ਨਾਟਕ ਦੇ ਮੁਹਾਵਰੇ ਵਿਚ ਪੇਸ਼ ਕਰਨਾ ਆਉਣ ਾਲੀ ਸਦੀ ਵਿਚ ਪੰਜਾਬੀ ਨਾਟਕ ਲਈ ਚੁਣੌਤੀ ।

ਇਸੇ ਪੇਪਰ ਵਿਚ ਆਧੁਨਿਕ ਪੰਜਾਬੀ ਨਾਟਕ ਸੰਖੇਪ ਇਤਿਹਾਸ ਦੱਸਦਿਆਂ ਇਹ ਵੀ ਸਿੱਧ ੀਤਾ ਗਿਆ ਕਿ 21ਵੀਂ ਸਦੀ ਦੇ ਸ਼ੁਰੂ ਵਿਚ ਜਾਬੀ ਨਾਟਕ ਦੀ ਇਹ ਸਥਿਤੀ ਹੈ ਕਿ ਨਾਟਕ ਜਾਬ ਦੇ ਲੋਕਾਂ ਦੀ ਸਭਿਆਚਾਰਕ ਸੰਵੇਦਨਾ ਜ਼ਰੂਰੀ ਅੰਗ ਬਣ ਚੁੱਕਿਆ ਹੈ। ਇਸ ਨੇ ਲੋਕਾਂ ਹਾਵ-ਭਾਵਾਂ, ਦੁੱਖਾਂ ਅਤੇ ਪੀੜਾਂ ਦੀ ਤਰਜਮਾਨੀ ਰਨੀ ਹੈ। ਤਕਨੀਕ ਦੀ ਲੋੜ ਹੈ, ਸਗੋਂ ਬਹੁਤ ੜ ਹੈ, ਪਰ ਵੱਡੀ ਗੱਲ ਵਿਸ਼ੇ ਦੀ ਹੋਵੇਗੀ।

ਪਹਿਲੀ ਨਵੰਬਰ 1999 ਨੂੰ ਗ਼ਦਰੀ ਬਿਆਂ ਦੇ ਮੇਲੇ ਸਮੇਂ ਕੇਵਲ ਧਾਲੀਵਾਲ ਵਲੋਂ ਕੀਤਾ ਗਿਆ ਨਾਟਕ 'ਲਾਲ ਬੱਤੀ' ਤਲੀਆਂ ਧਾਰਨਾਵਾਂ ਨੂੰ ਸਹੀ ਠਹਿਰਾਉਂਦਾ । ਪੰਜਾਬੀ ਨਾਟਕ ਔਖੇ ਤੋਂ ਔਖੇ ਵਿਸ਼ੇ ਨੂੰ ਉੱਚੀ ਰ ਦੇ ਨਾਟਕ ਰਾਹੀਂ ਪੇਸ਼ ਕਰਨ ਦੇ ਸਮਰੱਥ ।

'ਲਾਲ ਬੱਤੀ' ਨਾਟਕ ਬਲਦੇਵ ਸਿੰਘ ਮੋਗਾ ਇਸੇ ਨਾਂ ਦੇ ਨਾਵਲ ਉਤੇ ਆਧਾਰਤ ਹੈ। ਇਹ ਨਾਵਲ ਕਲਕੱਤਾ ਦੇ ਵੇਸਵਾ ਬਾਜ਼ਾਰ ਬਾਰੇ ਹੈ। ਦੋ ਸਾਲ ਪਹਿਲਾਂ, ਜਨਵਰੀ 1998 ਵਿਚ ਜਦੋਂ ਇਹ ਨਾਵਲ ਲੋਕਾਂ ਨੂੰ ਪੜ੍ਹਨ ਲਈ ਮਿਲਿਆ ਤਾਂ ਪੰਜਾਬੀ ਪਾਠਕ ਵਰਗ ਵਿਚ ਹਿੱਲਜੁਲ ਹੋਈ, ਕਿਉਂਕਿ ਜਿਸ ਬੇਬਾਕੀ ਨਾਲ ਵੇਸਵਾਵਾਂ ਦੀ ਜ਼ਿੰਦਗੀ ਦੇ ਯਥਾਰਥ ਨੂੰ ਬਲਦੇਵ ਸਿੰਘ ਨੇ ਪੇਸ਼ ਕੀਤਾ, ਪੰਜਾਬੀ ਸਾਹਿਤ ਲਈ ਇਕ ਨਵੀਂ ਗੱਲ ਸੀ। ਇਸ ਨਾਵਲ ਦੀ ਸਮਰਪਣਾ ਹੀ ਲੇਖਕ ਦੇ ਜਜ਼ਬੇ ਨੂੰ ਰੂਪਮਾਨ ਕਰਦੀ ਸੀ। ਇਹ ਨਾਵਲ ਸਮਰਪਤ ਸੀ ਵਿਸ਼ਵ ਦੀਆਂ ਲੱਖਾਂ-ਕਰੋੜਾਂ ਲੜਕੀਆਂ/ਵੇਸਵਾਵਾਂ ਦੇ ਨਾਂ ਜਿਨ੍ਹਾਂ ਨੂੰ ਮਜਬੂਰਨ, ਧੋਖੇ ਨਾਲ ਜਾਂ ਧੱਕੇ ਨਾਲ ਜਿਸਮਾਂ ਦੀ ਮੰਡੀ ਦਾ ਮਾਲ ਬਣਨਾ ਪਿਆ।

ਇਸ ਨਾਵਲ ਬਾਰੇ ਬੜੀਆਂ ਗੋਸ਼ਟੀਆਂ ਹੋਈਆਂ। ਪਿਛਲੇ ਦੋ ਸਾਲਾਂ ਵਿਚ ਇਸ ਦੀਆਂ ਤਿੰਨ ਐਡੀਸ਼ਨਾਂ ਛਪ ਚੁੱਕੀਆਂ ਹਨ। ਪਰ ਪਹਿਲੀ ਨਵੰਬਰ ਨੂੰ ਇਸ ਨਾਵਲ ਦਾ ਨਾਟਕ ਦੇ ਰੂਪ ਵਿਚ ਦਸ ਹਜ਼ਾਰ ਲੋਕਾਂ ਸਾਹਮਣੇ ਮੰਚਨ ਰੌਂਗਟੇ ਖੜ੍ਹੇ ਕਰਨਵਾਲੀ ਘਟਨਾ ਸੀ। ਕੇਵਲ ਧਾਲੀਵਾਲ ਨੇ ਨਾਟਕ ਦੀ ਕਲਾ ਨੂੰ ਸਿਖਰਾਂ ਉਤੇ ਪੁਚਾਇਆ ਅਤੇ ਨਾਲ ਹੀ ਇਹ ਸਾਬਤ ਕੀਤਾ ਕਿ ਸਮਾਜਵਾਦੀ ਯਥਾਰਥਵਾਦ ਹਾਲੀਂ ਵੀ ਸਾਹਿਤ ਅਤੇ ਕਲਾ ਦੀ ਪ੍ਰਮੁੱਖ ਲੋੜ ਹੈ। ਜ਼ਿੰਦਗੀ ਦੇ ਯਥਾਰਥ ਨੂੰ ਉਹਦੇ ਘਿਨਾਉਣੇ ਤੋਂ ਘਿਨਾਉਣੇ ਰੂਪ ਵਿਚ ਪੇਸ਼ ਕਰਨਾ ਅਤੇ ਫੇਰ ਉਸ ਯਥਾਰਥ ਨੂੰ ਬਦਲਣ ਲਈ ਸੁਨੇਹਾ ਦੇਣਾ ਪ੍ਰਚਾਰ ਨਹੀਂ, ਸਗੋਂ ਉੱਚੀ ਅਤੇ ਸੁੱਚੀ ਕਲਾ ਦੀ ਲੋੜ ਹੈ।

ਪਰਦਾ ਉੱਠਦਾ ਹੈ। ਦਰਸ਼ਕ ਇਕਦਮ ਆਪਣੇ ਆਪ ਨੂੰ ਇਕ ਵੇਸਵਾ-ਬਾਜ਼ਾਰ ਵਿਚ ਵਿਚਰਦਾ ਮਹਿਸੂਸ ਕਰਦਾ ਹੈ। ਇਹ ਮੰਚ ਜੜਤ ਦਾ ਵੀ ਕਮਾਲ ਸੀ ਅਤੇ ਨਾਲ ਹੀ ਪਾਤਰਾਂ ਦੀ ਗੱਲਬਾਤ ਇਹਦੇ ਲਈ ਸਹਾਈ ਸੀ। ਇਸ ਪਹਿਲੇ ਪਲ ਤੋਂ ਲੈ ਕੇ ਅਖੀਰ ਤਕ ਦਰਸ਼ਕ ਇਸ ਨਾਟਕ ਨਾਲ ਜੁੜਿਆ ਰਹਿੰਦਾ ਹੈ। ਧੰਦਾ ਚਲਾਉਣ ਵਾਲੀ ਮਾਸੀ, ਉਹਦੀ ਨਿਗਰਾਨੀ ਵਿਚ ਧੰਦਾ ਕਰਨ ਵਾਲੀਆਂ ਚਾਰ ਕੁੜੀਆਂ, ਦਲਾਲ (ਦੱਲਾ), ਨੌਕਰ ਜਦੋਂ ਆਪਸ ਵਿਚ ਗੱਲਾਂ ਕਰਦੇ ਹਨ ਤਾਂ ਇਹ ਪੇਸ਼ਾ ਆਪਣੇ ਘਿਨਾਉਣੇ ਰੂਪ ਵਿਚ ਦਰਸ਼ਕਾਂ ਅੱਗੇ ਆਉਂਦਾ ਜਾਂਦਾ ਹੈ।

ਬਾਜ਼ਾਰ ਵਿਚ ਇਕ ਪਾਸੇ ਇਕ ਉਹ ਔਰਤ ਹੈ, ਜੋ ਕਿਸੇ ਵੇਲੇ ਹੁਸਨ ਦੀ ਮਲਕਾ ਸੀ ਅਤੇ ਬਾਜ਼ਾਰ ਦੀ ਮੁੱਖ ਖਿੱਚ ਸੀ, ਪਰ ਹੁਣ ਉਹ ਵੀਰਾਨ ਹਾਲਤ ਵਿਚ ਹੈ। ਧੰਦੇ ਨੇ ਉਸ ਨੂੰ ਖੰਡਰ ਬਣਾ ਦਿੱਤਾ ਹੈ। ਇਹ ਬਾਜ਼ਾਰ ਪ੍ਰਤੀਕਾਤਮਕ ਤੌਰ ਉਤੇ ਹਿੰਦੋਸਤਾਨ ਦੇ ਸਮਾਜ ਦਾ ਯਥਾਰਥ ਹੈ, ਜਿਥੇ ਗਰੀਬ ਮਜਬੂਰ ਅਤੇ ਲਾਚਾਰ ਹੈ, ਪੁਲੀਸ ਦੇ ਰੂਪ ਵਿਚ ਕਾਨੂੰਨ ਅੰਨ੍ਹਾ ਹੈ, ਭ੍ਰਿਸ਼ਟ ਹੈ। ਡਾਕਟਰ, ਜੋ ਇਨ੍ਹਾਂ ਕੁੜੀਆਂ ਦੀ ਸਿਹਤ ਬਾਰੇ ਰਿਪੋਰਟ ਦੇਣ ਦਾ ਜ਼ਿੰਮੇਵਾਰ ਹੈ, ਉਹ ਪੈਸੇ ਨਾਲ ਵਿਕਣ ਵਾਲਾ ਵਿਅਕਤੀ ਹੈ। ਪੱਤਰਕਾਰ ਵੀ ਆਪਣਾ ਫਰਜ਼ ਨਿਭਾਉਣ ਇਸ ਬਾਜ਼ਾਰ ਵਿਚ ਆਉਂਦੇ ਹਨ। ਉਨ੍ਹਾਂ ਨੇ ਅਖਬਾਰ ਲਈ ਸਿਰਫ ਰਿਪੋਰਟ ਹੀ ਲਿਖਣੀ ਹੈ।

ਬਹੁਤ ਕੁਝ ਇਸ ਨਾਟਕ ਵਿਚ ਹੈ ਜੋ ਵੇਖਣ ਅਤੇ ਮਹਿਸੂਸ ਕਰਨ ਨਾਲ ਸਬੰਧਤ ਹੈ। ਨਾਟਕ ਵਿਚ ਪਾਤਰਾਂ ਦੇ ਵਾਰਤਾਲਾਪ ਸਮਾਜ ਦੇ ਯਥਾਰਥ ਬਾਰੇ ਸ਼ਿੱਦਤ ਦੇ ਬਿਆਨ ਹਨ। ਇਕ ਵੇਸਵਾ ਕੁੜੀ ਜਿਨਸੀ ਬਿਮਾਰੀ ਦੀ ਸ਼ਿਕਾਰ ਹੈ ਅਤੇ ਉਹਦਾ ਪੱਕਾ ਇਰਾਦਾ ਹੈ ਕਿ ਉਹ ਇਹ ਬਿਮਾਰੀ ਅੱਗੋਂ ਆਪਣੇ ਗਾਹਕਾਂ ਨੂੰ ਦੇਵੇਗੀ: ''ਸਮਾਜ ਨੇ ਇਹ ਬਿਮਾਰੀ ਮੈਨੂੰ ਦਿੱਤੀ ਹੈ, ਮੈਂ ਅੱਗੋਂ ਇਸ ਨੂੰ ਸਮਾਜ ਨੂੰ ਵਾਪਸ ਦੇਵਾਂਗੀ। ਮੇਰੀ ਜ਼ਮੀਰ ਉਤੇ ਕੋਈ ਭਾਰ ਨਹੀਂ।''

ਤੇ ਇਹ ਸੱਚ ਹੈ ਕਿ ਇਹ ਭਾਰ ਉਸ ਕੁੜੀ ਦੀ ਜ਼ਮੀਰ ਉਤੇ ਨਹੀਂ, ਉਨ੍ਹਾਂ ਦੀ ਜ਼ਮੀਰ ਉਤੇ ਹੋਣਾ ਚਾਹੀਦਾ ਹੈ, ਜੋ ਇਸ ਸਮਾਜ ਨੂੰ ਚਲਾ ਰਹੇ ਹਨ।

ਇਹ ਬੜਾ ਮੁਸ਼ਕਿਲ ਨਾਟਕ ਹੈ। ਸੈਕਸ ਨਾਲ ਜੁੜਦੀਆਂ ਇਹਦੇ ਵਿਚ ਨੰਗੇ ਰੂਪ ਦੀਆਂ ਗੱਲਾਂ ਹਨ। ਉਨ੍ਹਾਂ ਕਲਾਕਾਰ ਕੁੜੀਆਂ ਨੂੰ ਦਾਦ ਦੇਣੀ ਬਣਦੀ ਹੈ, ਜੋ ਨਿਰਦੇਸ਼ਕ ਦੀਆਂ ਹਦਾਇਤਾਂ ਨੂੰ ਪੂਰਾ ਕਰਦਿਆਂ ਹੋਇਆਂ ਉਹ ਵਾਰਤਾਲਾਪ ਬੋਲੀਆਂ ਹਨ। ਉਹ ਸਰਾਪੀਆਂ ਹੋਈਆਂ ਰੂਹਾਂ ਹਨ ਪਰ ਉੱਚੀਆਂ ਕਦਰਾਂ-ਕੀਮਤਾਂ ਵਾਲੀਆਂ ਮਾਨਵੀ ਰੂਹਾਂ ਹਨ। ਮਾਨਵਵਾਦ ਦਾ ਉਨ੍ਹਾਂ ਨੇ ਪੱਲਾ ਨਹੀਂ ਛੱਡਿਆ। ਉਹ ਮਾਵਾਂ ਹਨ। ਆਪਣੇ ਬੱਚਿਆਂ ਨੂੰ ਪਿਆਰ ਕਰਨ ਵਾਲੀਆਂ ਮਾਵਾਂ, ਭਾਵੇਂ ਬੱਚਿਆਂ ਦੇ ਬਾਪ ਦਾ ਕੋਈ ਨਾਂ ਨਹੀਂ। ਇਹ ਹਰਾਮੀ ਹੈ, ਪਰ ਕੌਣ ਕਹਿ ਸਕਦਾ ਹੈ ਕਿ ਇਹ ਵੱਡਾ ਹੋ ਕੇ ਨੇਤਾ ਨਹੀਂ ਬਣ ਸਕਦਾ ਕਿਉਂਕਿ ਨੇਤਾ ਤਾਂ ਲਗਪਗ ਸਾਰੇ ਹੀ ਹਰਾਮੀ ਹੁੰਦੇ ਹਨ। ਨਾਟਕ ਵਿਚ ਬਿਆਨ-ਦਰ-ਬਿਆਨ ਹਨ ਜੋ ਤੁਹਾਨੂੰ ਝੰਜੋੜਦੇ ਹਨ। ਸਾਰੇ ਸਮਾਜ ਨੂੰ ਸ਼ਰਮਿੰਦਾ ਕਰਦੇ ਹਨ। ਬੜੀ ਥਾਂ ਅਸ਼ਲੀਲ ਅਤੇ ਨੰਗੇ ਵਾਰਤਾਲਾਪ ਹਨ ਪਰ ਉਹ ਕਿਧਰੇ ਵੀ ਲੱਚਰ ਹੋਣ ਦਾ ਪ੍ਰਭਾਵ ਨਹੀਂ ਦਿੰਦੇ। ਉਹ ਤੁਹਾਨੂੰ ਸ਼ੀਸ਼ੇ ਵਿਚ ਤੁਹਾਡਾ ਚਿਹਰਾ ਵਿਖਾਉਂਦੇ ਹਨ। ਸਮਾਜ ਦਾ ਚਿਹਰਾ ਨੰਗਾ ਕਰਦੇ ਹਨ।

ਨਾਟਕ ਦੀ ਸੈੱਟ-ਡੀਜ਼ਾਇਨਿੰਗ ਆਪਣੇ ਆਪ ਵਿਚ ਇਕ ਬੜੀ ਵੱਡੀ ਪ੍ਰਾਪਤੀ ਸੀ। ਇਕ ਪੂਰੇ ਦੇ ਪੂਰੇ ਬਾਜ਼ਾਰ ਨੂੰ ਮੰਚ ਉਤੇ ਪੇਸ਼ ਕੀਤਾ ਗਿਆ ਸੀ ਜਿਸ ਵਿਚ ਕੇਵਲ ਧਾਲੀਵਾਲ ਦੀ ਕਲਪਨਾ, ਥਾਂ ਦੀ ਵੰਡ, ਵਿਉਂਤਬੰਦੀ ਸਭ ਹੀ ਰੂਪਵਾਨ ਸੀ। ਗੀਤ-ਸੰਗੀਤ ਦੀ ਆਪਣੀ ਦੇਣ ਸੀ। ਸੁਰਜੀਤ ਪਾਤਰ ਦੇ ਗੀਤ ਨਾਟਕ ਦੇ ਵਾਤਾਵਰਨ ਵਿਚ ਆਪਣਾ ਹਿੱਸਾ ਪਾਉਂਦੇ ਹਨ। ਉਨ੍ਹਾਂ ਵਿਚ ਕਲਾਤਮਕ ਸੁਹਜ ਵੀ ਹੈ ਅਤੇ ਘੋਰ ਯਥਾਰਥਵਾਦ ਵੀ ਹੈ।

ਇਹ ਨਾਟਕ ਵੇਖ ਕੇ ਕੇਵਲ ਧਾਲੀਵਾਲ ਨੂੰ ਸਲਾਮ ਕਰਨਾ ਬਣਦਾ ਹੈ। ਉਨ੍ਹਾਂ ਕੁੜੀਆਂ ਕਲਾਕਾਰਾਂ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੇ ਔਖੀਆਂ ਭੂਮਿਕਾਵਾਂ ਨਿਭਾਈਆਂ, ਜੋ ਆਪਣੇ ਆਪ ਵਿਚ ਇਸ ਸਮਾਜ ਵਿਚ ਚੁਣੌਤੀਆਂ ਸਨ। ਬਲਦੇਵ ਸਿੰਘ ਮੋਗਾ ਨੂੰ ਸਲਾਮ ਕਰਨਾ ਬਣਦਾ ਹੈ, ਜਿਨ੍ਹਾ ਦੀ ਕਲਮ ਨੇ ਜ਼ਿੰਦਗੀ ਦਾ ਘੋਰ ਯਥਾਰਥ ਕਲਮਬੰਦ ਕੀਤਾ। ਪੰਜਾਬੀ ਨਾਟਕ ਨੂੰ ਵੀ ਸਲਾਮ ਕਰਨਾ ਬਣਦਾ ਹੈ ਜੋ ਹੁਣ ਹਰ ਦਿਨ ਬੁਲੰਦੀਆਂ ਛੂਹ ਰਿਹਾ ਹੈ।

ਇਹ ਗ਼ਦਰੀ ਬਾਬਿਆਂ ਦਾ ਮੇਲਾ ਰੌਣਕ ਅਤੇ ਉਤਸ਼ਾਹ ਕਰਕੇ ਵੀ ਜਾਣਿਆ ਜਾਏਗਾ ਪਰ ਨਾਲ ਹੀ ਇਹ ਇਸ ਕਰਕੇ ਵੀ ਯਾਦ ਕੀਤਾ ਜਾਏਗਾ ਕਿ ਇਸ ਮੇਲੇ ਵਿਚ 'ਲਾਲ ਬੱਤੀ' ਨਾਟਕ ਹੋਇਆ।